**ਨੰ: 6/7/94-5ਸਿ5/9423**

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ,
ਡਿਪਟੀ ਕਮਿਸ਼ਨਰ, ਜ਼ਿਲ੍ਹਾ ਅਤੇ ਸੈਸ਼ਨ ਜੱਜ,
ਉਪ ਮੰਡਲ ਅਫ਼ਸਰ ਅਤੇ ਰਾਜ ਦੇ ਸਮੂਹ ਸਿਵਲ ਸਰਜਨ ।

ਮਿਤੀ, ਚੰਡੀਗੜ੍ਹ 17 ਮਾਰਚ, 1994

ਵਿਸ਼ਾ :- ਪੰਜਾਬ ਸਰਵਿਸਿਜ (ਮੈਡੀਕਲ ਅਟੈਂਡੈਂਸ) ਰੂਲ 1940- ਕੋਰਟ ਕੇਸਾਂ ਵਿੱਚ ਜਵਾਬਦਾਵੇ ਦਾਇਰ ਕਰਨ ਬਾਰੇ ।

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਮੈਡੀਕਲ ਪ੍ਰਤੀ-ਪੂਰਤੀ ਦੇ ਕੇਸਾਂ ਵਿੱਚ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ/ਪੈਨਸ਼ਨਰਾਂ ਵਲੋਂ ਸਰਕਾਰ ਵਿਰੁੱਧ ਕੋਰਟ ਕੇਸ ਕੀਤੇ ਜਾ ਰਹੇ ਹਨ । ਇਨ੍ਹਾਂ ਕੋਰਟ ਕੇਸਾਂ ਵਿੱਚ ਕਰਮਚਾਰੀ ਆਪਣੇ ਵਿਭਾਗਾਂ ਦੇ ਮੁੱਖੀਆਂ ਨੂੰ ਪਾਰਟੀ ਬਣਾ ਲੈਂਦੇ ਹਨ, ਉਥੇ ਨਾਲ ਹੀ ਸਿਹਤ ਵਿਭਾਗ ਨੂੰ ਵੀ ਪਾਰਟੀ ਬਣਾ ਲੈਂਦੇ ਹਨ, ਜਿਸ ਦੇ ਸਿੱਟੇ ਵਜੋਂ ਵੱਖ-ਵੱਖ ਵਿਭਾਗ ਸਿਹਤ ਵਿਭਾਗ ਨੂੰ ਜਵਾਬਦਾਵਾ ਫਾਈਲ ਕਰਨ ਲਈ ਲਿਖਦੇ ਹਨ, ਜਦੋਂ ਕਿ ਪ੍ਰਤੀ-ਪੂਰਤੀ ਕਰਮਚਾਰੀ/ਪੈਨਸ਼ਨਰਾਂ ਦੇ ਵਿਭਾਗਾਂ ਵਲੋਂ ਹੀ ਕੀਤੀ ਜਾਣੀ ਹੁੰਦੀ ਹੈ ਅਤੇ ਕੇਸ ਨੂੰ ਡਿਫੈਂਡ ਕਰਨ ਦੀ ਮਨਜ਼ੂਰੀ ਵੀ ਉਨ੍ਹਾਂ ਵਲੋਂ ਹੀ ਜਾਰੀ ਕੀਤੀ ਜਾਣੀ ਚਾਹੀਦੀ ਹੈ । ਸਿਹਤ ਵਿਭਾਗ ਨੂੰ ਹਵਾਲਾ ਕਰਨ ਅਤੇ ਮੁੜ ਸਿਹਤ ਵਿਭਾਗ ਵਲੋਂ ਸਬੰਧਤ ਪ੍ਰਬੰਧਕੀ ਵਿਭਾਗ ਨੂੰ ਲਿਖਣ ਵਿੱਚ ਅਣਚਾਹੀ ਦੇਰੀ ਹੁੰਦੀ ਹੈ ਜਿਸ ਕਰਕੇ ਜਵਾਬਦਾਵੇ ਸਮੇਂ ਸਿਰ ਕੋਰਟ ਵਿਚ ਫਾਈਲ ਨਹੀਂ ਹੁੰਦੇ ।

2. ਇਸ ਮਾਮਲੇ ਨੂੰ ਗਹੁ ਨਾਲ ਵਿਚਾਰਣ ਬਾਅਦ ਫੈਸਲਾ ਕੀਤਾ ਗਿਆ ਹੈ ਕਿ ਅਦਾਲਤਾਂ ਵਿੱਚ ਜਵਾਬਦਾਵੇ ਸਬੰਧਤ ਕਰਮਚਾਰੀਆਂ ਦੇ ਵਿਭਾਗਾਂ ਵਲੋਂ ਹੀ ਸਿਹਤ ਵਿਭਾਗ ਵਲੋਂ ਜਾਰੀ ਕੀਤੀਆਂ ਹਦਾਇਤਾਂ ਅਤੇ ਨੀਤੀਆਂ ਅਨੁਸਾਰ, ਦਾਇਰ ਕੀਤੇ ਜਾਇਆ ਕਰਨਗੇ । ਪਰ ਜੇਕਰ ਕਿਸੇ ਨੁਕਤੇ ਬਾਰੇ ਸਿਹਤ ਵਿਭਾਗ ਦੀ ਅਗਵਾਈ ਦੀ ਲੋੜ ਹੋਵੇ ਤਾਂ ਉਹ ਸਿੱਧੀ ਹੀ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਦੇ ਦਫ਼ਤਰ ਜਾਂ ਸਰਕਾਰ ਪਾਸੋਂ ਪ੍ਰਾਪਤ ਕਰ ਲਈ ਜਾਵੇ ।

3. ਇਨ੍ਹਾਂ ਹਦਾਇਤਾਂ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ ਤਾਂ ਕਿ ਕੋਰਟ ਕੇਸਾਂ ਨੂੰ ਪੂਰੀ ਤਨਦੇਹੀ ਨਾਲ ਡਿਫੈਂਡ ਕੀਤਾ ਜਾ ਸਕੇ ।

ਵਿਸ਼ਵਾਸਪਾਤਰ,
ਸਹੀ/-
(ਮਨਜੀਤ ਸਿੰਘ)
ਉਪ ਸਕੱਤਰ ਸਿਹਤ

ਇਸ ਦਾ ਇਕ ਉਤਾਰਾ ਸਾਰੇ ਵਿੱਤੀ ਕਮਿਸ਼ਨਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ.।

ਸਹੀ/-
ਉਪ ਸਕੱਤਰ ਸਿਹਤ

ਵੱਲ

ਸਮੂਹ ਵਿੱਤੀ ਕਮਿਸ਼ਨਰਜ਼ ਅਤੇ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ ।

ਔ: ਵਿ: ਪੱ: ਨੰ: 6/7/94-5ਸਿ5/9424 ਮਿਤੀ, ਚੰਡੀਗੜ੍ਹ 17 ਮਾਰਚ, 1994

ਨੰ: 6/7/94-5ਸਿ5/9425 ਮਿਤੀ, ਚੰਡੀਗੜ੍ਹ 17 ਮਾਰਚ, 1994

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ ।
2. ਡਾਇਰੈਕਟਰ, ਖੋਜ ਤੇ ਮੈਡੀਕਲ, ਪੰਜਾਬ, ਚੰਡੀਗੜ੍ਹ ।

ਸਹੀ/-
ਉਪ ਸਕੱਤਰ ਸਿਹਤ

ਇਸ ਦਾ ਇਕ ਉਤਾਰਾ ਵਿੱਤ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਸਹੀ/-
ਉਪ ਸਕੱਤਰ ਸਿਹਤ

ਵੱਲ

ਵਿੱਤ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ ।

ਔ: ਵਿ: ਪੱ: ਨੰ: 6/7/94-5ਸਿ5/9426 ਮਿਤੀ, ਚੰਡੀਗੜ੍ਹ 17 ਮਾਰਚ, 1994

**ਨੰ: 6/7/94-5ਸਿ5/8136**

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-5 ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ,
ਸਮੂਹ ਡਿਪਟੀ ਕਮਿਸ਼ਨਰ, ਜ਼ਿਲ੍ਹਾ ਅਤੇ ਸੈਸ਼ਨ ਜੱਜ,
ਉਪ ਮੰਡਲ ਅਫ਼ਸਰ ਅਤੇ ਰਾਜ ਦੇ ਸਮੂਹ ਸਿਵਲ ਸਰਜਨ ।

ਮਿਤੀ, ਚੰਡੀਗੜ੍ਹ 17 ਅਪ੍ਰੈਲ, 1996

ਵਿਸ਼ਾ :- ਪੰਜਾਬ ਸਰਵਿਸਿਜ (ਮੈਡੀਕਲ ਅਟੈਂਡੇਂਸ) ਰੂਲ 1940- ਕੋਰਟ ਕੇਸਾਂ ਵਿਚ ਜਵਾਬਦਾਵੇ ਦਾਇਰ ਕਰਨ ਬਾਰੇ ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਦਾ ਧਿਆਨ ਸਰਕਾਰ ਦੇ ਗਸ਼ਤੀ ਪੱਤਰ ਨੰ: 6/7/94-5ਸਿ5/9423, ਮਿਤੀ 17-3-94 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ ਜਿਸ ਨਾਲ ਮੈਡੀਕਲ ਪ੍ਰਤੀ-ਪੂਰਤੀ ਦੇ ਕੇਸਾਂ ਵਿੱਚ ਅਦਾਲਤਾਂ ਵਿੱਚ ਜਵਾਬਦਾਵੇ ਸਬੰਧਤ ਕਰਮਚਾਰੀਆਂ/ਪੈਨਸ਼ਨਰਾਂ ਦੇ ਵਿਭਾਗਾਂ ਵਲੋਂ ਹੀ ਸਿਹਤ ਵਿਭਾਗ ਵਲੋਂ ਜਾਰੀ ਕੀਤੀਆਂ ਹਦਾਇਤਾਂ ਤੇ ਨੀਤੀਆਂ ਅਨੁਸਾਰ ਦਾਇਰ ਕਰਨ ਦਾ ਫੈਸਲਾ ਕੀਤਾ ਗਿਆ ਸੀ । ਸਰਕਾਰ ਦੇ ਇਹ ਧਿਆਨ ਵਿੱਚ ਆਇਆ ਹੈ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਮੈਡੀਕਲ ਕਲੇਮਾਂ ਦੇ ਕਈ ਕੇਸਾਂ ਵਿੱਚ ਸਾਰੀ ਰਾਸ਼ੀ ਦੀ ਪ੍ਰਤੀ-ਪੂਰਤੀ ਕਰਨ ਦੇ ਹੁਕਮ ਦੇ ਦਿੱਤੇ ਜਾਂਦੇ ਹਨ ਜਦੋਂ ਕਿ ਉਨ੍ਹਾਂ ਵਿੱਚ ਕੁਝ ਦਵਾਈਆਂ/ਆਈਟਮਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਹਦਾਇਤਾਂ ਅਨੁਸਾਰ ਪ੍ਰਤੀ-ਪੂਰਤੀ ਨਹੀਂ ਕੀਤੀ ਜਾ ਸਕਦੀ ।

2. ਇਸ ਮਾਮਲੇ ਨੂੰ ਵਿਚਾਰਨ ਉਪਰੰਤ ਫੈਸਲਾ ਕੀਤਾ ਗਿਆ ਹੈ ਕਿ ਵਿਭਾਗਾਂ ਦੇ ਮੁੱਖੀਆਂ ਵਲੋਂ ਅਦਾਲਤਾਂ ਵਿੱਚ ਦਾਇਰ ਕੀਤੇ ਜਾਣ ਵਾਲੇ ਜਵਾਬਦਾਵਿਆਂ ਵਿੱਚ ਇਸ ਬਾਰੇ ਸਪੱਸ਼ਟ ਕੀਤਾ ਜਾਵੇ ਅਤੇ ਕੇਸ ਦੀ ਬਹਿਸ ਸਮੇਂ ਮਾਨਯੋਗ ਅਦਾਲਤ ਦੇ ਧਿਆਨ ਵਿੱਚ ਵੀ ਲਿਆ ਦਿੱਤਾ ਜਾਵੇਂ ਕਿ ਪਟੀਸ਼ਨਰ ਵਲੋਂ ਕਲੇਮ ਕੀਤੀਆਂ ਸਾਰੀਆਂ ਦਵਾਈਆਂ/ਆਈਟਮਾਂ ਪ੍ਰਤੀ-ਪੂਰਤੀ ਯੋਗ ਨਹੀਂ ਹਨ । ਇਸ ਵਿੱਚ ਕਈ ਦਵਾਈਆਂ/ਆਈਟਮਾਂ ਅਜਿਹੀਆਂ ਵੀ ਹਨ ਜਿਨ੍ਹਾਂ ਦੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪ੍ਰਤੀ-ਪੂਰਤੀ ਨਹੀਂ ਕੀਤੀ ਜਾ ਸਕਦੀ ।

3. ਇਹ ਹਦਾਇਤਾਂ ਵਿੱਤ ਵਿਭਾਗ ਵਲੋਂ ਅੰ: ਵਿ: ਪੱ: ਨੰ: 8/53/95-5ਵਿ.ਖ-2/1767, ਮਿਤੀ 22-2-96 ਨਾਲ ਪ੍ਰਾਪਤ ਹੋਈ ਸਲਾਹ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ ।

ਵਿਸ਼ਵਾਸਪਾਤਰ,
ਸਹੀ/-
(ਸੁਦੇਸ਼ ਧੀਰ)
ਉਪ ਸਕੱਤਰ ਸਿਹਤ

ਇਸ ਦਾ ਇਕ ਉਤਾਰਾ ਸਾਰੇ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸਹੀ/-
ਉਪ ਸਕੱਤਰ ਸਿਹਤ

ਵੱਲ

ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਅੰ: ਵਿ: ਪੱ: ਨੰ: 6/7/94-5ਸਿ5/8137 ਮਿਤੀ 17-4-96

ਨੰ: 6/7/94-5ਸਿ5/8138 ਮਿਤੀ 17-4-96

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :

1. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ ।
2. ਡਾਇਰੈਕਟਰ, ਖੋਜ ਤੇ ਮੈਡੀਕਲ, ਸਿੱਖਿਆ, ਪੰਜਾਬ, ਚੰਡੀਗੜ੍ਹ ।

ਸਹੀ/-
ਉਪ ਸਕੱਤਰ ਸਿਹਤ

ਇਸ ਦਾ ਇਕ ਉਤਾਰਾ ਵਿੱਤ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਸਹੀ/-
ਉਪ ਸਕੱਤਰ ਸਿਹਤ

ਵੱਲ

ਵਿੱਤ ਸਕੱਤਰ, ਪੰਜਾਬ ਸਰਕਾਰ
ਵਿੱਤ ਵਿਭਾਗ ।

ਅੰ: ਵਿ: ਪੱ: ਨੰ: 6/7/94-5ਸਿ5/8139 ਮਿਤੀ ਚੰਡੀਗੜ੍ਹ 17-4-96